MirageC/Getty Images

# ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ

Student Wellbeing Hub

## ਮਾਪਿਆਂ ਅਤੇ ਪਰਿਵਾਰਾਂ ਲਈ ਇੱਕ ਗਾਈਡ

ਮਾਪੇ ਹੋਣ ਦੇ ਨਾਤੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਨੂੰ ਸਕੂਲ ਵਿਖੇ ਅਤੇ ਉਸਦੀ ਸਮੁੱਚੀ ਜ਼ਿੰਦਗੀ ਦੌਰਾਨ ਸਕਾਰਾਤਮਕ ਤਜ਼ਰਬੇ ਮਿਲਣ। ਤੁਸੀਂ ਚਾਹੁੰਦੇ ਹੋ ਕਿ ਉਹ ਸਿਹਤਮੰਦ ਰਿਸ਼ਤੇ ਬਣਾਉਣ, ਸਮਰਥਿਤ ਮਹਿਸੂਸ ਕਰਨ ਅਤੇ ਸਿੱਖਣ ਅਤੇ ਵਿਕਾਸ ਕਰਨ ਲਈ ਉਹਨਾਂ ਦੀ ਸਾਰੇ ਮੌਕਿਆਂ ਤੱਕ ਪਹੁੰਚ ਹੋਵੇ। ਤੁਸੀਂ ਚਾਹੁੰਦੇ ਹੋ ਕਿ ਉਹ ਆਪਣਾ ਸਤਿਕਾਰ ਕਰਨ, ਉਹਨਾਂ ਅੰਦਰ ਹੋਰਨਾਂ ਲਈ ਸਤਿਕਾਰ ਹੋਵੇ, ਅਤੇ ਉਹਨਾਂ ਦਾ ਸਤਿਕਾਰ ਕੀਤਾ ਜਾਵੇ।

ਮਾਪੇ, ਸਕੂਲਾਂ ਨਾਲ ਭਾਈਵਾਲੀ ਕਰਕੇ, ਬੱਚਿਆਂ ਅਤੇ ਨੌਜਵਾਨਾਂ ਨੂੰ ਸਤਿਕਾਰ ਅਤੇ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿਖਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ, ਬੱਚਿਆਂ ਦੇ ਵੱਡੇ ਹੋਣ ਅਤੇ ਬਾਲਗ ਬਣਨ ਦੌਰਾਨ ਹੋਰਨਾਂ ਨਾਲ ਸਕਾਰਾਤਮਕ ਢੰਗ ਨਾਲ ਗੱਲਬਾਤ ਕਰਨ ਅਤੇ ਸਤਿਕਾਰ ਭਰੇ ਰਿਸ਼ਤੇ ਬਣਾਉਣ ਵਿੱਚ ਉਹਨਾਂ ਦੀ ਮਦਦ ਕਰਨ ਲਈ ਪਰਿਵਾਰਾਂ ਦੀ ਸਹਾਇਤਾ ਕਰਦੀ ਹੈ।

## ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਕੀ ਹੈ?

ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਇੱਕ ਸਕੂਲ-ਅਧਾਰਤ ਪ੍ਰੋਗਰਾਮ ਹੈ ਜੋ ਸਾਡੇ ਭਾਈਚਾਰਿਆਂ ਵਿੱਚ ਸਤਿਕਾਰ ਭਰੇ ਰਿਸ਼ਤੇ ਬਣਾਉਣ ਅਤੇ ਉਹਨਾਂ ਨੂੰ ਬਣਾਏ ਰੱਖਣ ਦੇ ਹੁਨਰ ਵਿਕਸਿਤ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰਦੀ ਹੈ।

ਜਿਹੜੇ ਸਕੂਲ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਦਿੰਦੇ ਹਨ ਉਹਨਾਂ ਦਾ ਮੰਨਣਾ ਹੈ ਕਿ ਉਹਨਾਂ ਦੇ ਸਕੂਲ ਦੇ ਭਾਈਚਾਰੇ ਵਿੱਚ ਹਰੇਕ ਵਿਅਕਤੀ ਨੂੰ ਸਤਿਕਾਰ ਕੀਤੇ ਜਾਣ, ਅਹਿਮੀਅਤ ਦਿੱਤੇ ਜਾਣ ਅਤੇ ਬਰਾਬਰੀ ਨਾਲ ਸਲੂਕ ਕੀਤੇ ਜਾਣ ਦਾ ਅਧਿਕਾਰ ਹੈ।

### ਪਾਠਕ੍ਰਮ ਵਿੱਚ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ

ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਨੂੰ ਸਾਰੇ ਸਾਲ ਪੱਧਰਾਂ 'ਤੇ Australian Curriculum ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਸਿਖਾਇਆ ਜਾ ਸਕਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਤੁਹਾਡੇ ਬੱਚੇ ਦੇ ਪ੍ਰਾਇਮਰੀ ਸਕੂਲ ਦੇ ਕਲਾਸਰੂਮ ਵਿੱਚ
- ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਵਿੱਚ ਸਿਹਤ ਅਤੇ ਸਰੀਰਕ ਸਿੱਖਿਆ ਵਿੱਚ
- ਸੈਕੰਡਰੀ ਸਕੂਲ ਵਿੱਚ ਪੈਸਟੋਰਲ ਕੇਅਰ ਕਲਾਸਾਂ ਜ਼ਰੀਏ
- ਵਿਸ਼ੇਸ਼ ਦਿਨਾਂ ਅਤੇ ਵਿਦਿਆਰਥੀ ਦੀ ਅਗਵਾਈ ਵਾਲੀਆਂ ਗਤੀਵਿਧੀਆਂ ਜ਼ਰੀਏ।

Education Services Australia

© 2019 Commonwealth of Australia or Education Services Australia Ltd, unless otherwise indicated. Creative Commons BY 4.0, unless otherwise indicated. Student Wellbeing Hub is funded by the Australian Government Department of Education.

cc BY

# ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਵਿੱਚ ਵਿਦਿਆਰਥੀ ਕੀ ਸਿੱਖਦੇ ਹਨ?



ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਅਜਿਹੇ ਹੁਨਰ ਅਤੇ ਸਮਝ ਵਿਕਸਿਤ ਕਰਦੀ ਹੈ ਜਿਸਦੀ ਲੋੜ ਵਿਦਿਆਰਥੀਆਂ ਨੂੰ ਵਿਆਪਕ ਕਿਸਮ ਦੀਆਂ ਸਮਾਜਿਕ ਸਥਿਤੀਆਂ ਵਿੱਚ ਲੋਕਾਂ ਨਾਲ ਸਕਾਰਾਤਮਕ ਅਤੇ ਸਤਿਕਾਰਪੂਰਨ ਢੰਗ ਨਾਲ ਅੰਤਰਕਿਰਿਆ ਕਰਨ ਲਈ ਹੁੰਦੀ ਹੈ।

## ਆਮ ਵਿਸ਼ੇ

ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਨੂੰ ਹਰੇਕ ਰਾਜ ਅਤੇ ਖੇਤਰ ਵਿੱਚ ਵੱਖ-ਵੱਖ ਢੰਗ ਨਾਲ ਸਿਖਾਇਆ ਜਾ ਸਕਦਾ ਹੈ, ਪਰ ਸਾਂਝੇ ਵਿਸ਼ਿਆਂ ਵਿੱਚ ਸ਼ਾਮਲ ਹਨ:

- ਨਿੱਜੀ ਸੁਰੱਖਿਆ
- ਸਾਹਮਣਾ ਕਰਨ ਦੇ ਹੁਨਰ
- ਦੋਸਤ ਬਣਾਉਣੇ ਅਤੇ ਵਿਵਾਦਾਂ ਨੂੰ ਹੱਲ ਕਰਨਾ
- ਆਪਣੇ ਜਜ਼ਬਾਤਾਂ ਨਾਲ ਨਿਪਟਣਾ
- ਗੱਲਬਾਤ ਕਰਨ ਦੇ ਹੁਨਰ ਵਿਕਸਿਤ ਕਰਨੇ।

## ਸਮਝ ਅਤੇ ਹੁਨਰ

ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਦੇ ਹਿੱਸੇ ਵੱਜੋਂ, ਵਿਦਿਆਰਥੀ ਆਪਣੇ ਸਾਰੇ ਰਿਸ਼ਤਿਆਂ ਨੂੰ ਆਪਸੀ ਸਤਿਕਾਰ ਅਤੇ ਬਰਾਬਰੀ 'ਤੇ ਆਧਾਰਤ ਕਰਨ ਦੀ ਅਹਿਮੀਅਤ, ਆਪਣੀਆਂ ਭਾਵਨਾਵਾਂ 'ਤੇ ਕਾਬੂ ਪਾਉਣ ਦੇ ਤਰੀਕੇ, ਅਤੇ ਪਰੇਸ਼ਾਨ ਮਹਿਸੂਸ ਕਰਨ 'ਤੇ ਮਦਦ ਅਤੇ ਸਮਰਥਨ ਮੰਗਣ ਦੇ ਤਰੀਕੇ ਸਿੱਖਦੇ ਹਨ।

ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਮੁੰਡਿਆਂ ਅਤੇ ਕੁੜੀਆਂ, ਦੋਵਾਂ ਲਈ, ਡਰਾਉਣ-ਧਮਕਾਉਣ ਅਤੇ ਹਿੰਸਾ ਦੇ ਕਾਰਨਾਂ ਦਾ ਵੀ ਪਤਾ ਲਗਾਉਂਦੀ ਹੈ। ਇਹ ਵਿਦਿਆਰਥੀਆਂ ਦੀ ਇਸ ਬਾਰੇ ਜਾਣਨ ਵਿੱਚ ਮਦਦ ਕਰਦੀ ਹੈ ਕਿ ਨਕਾਰਾਤਮਕ ਲਿੰਗਕ ਰੂੜੀਵਾਦੀ ਗੱਲਾਂ ਅਤੇ ਲਿੰਗਕ ਅਸਮਾਨਤਾ ਦਾ ਸਾਡੇ ਦੁਆਰਾ ਇੱਕ ਦੂਜੇ ਨੂੰ ਦੇਖਣ ਅਤੇ ਇੱਕ ਦੂਜੇ ਨਾਲ ਸਲੂਕ ਕਰਨ ਦੇ ਤਰੀਕੇ 'ਤੇ ਕੀ ਅਸਰ ਪੈ ਸਕਦਾ ਹੈ।

Education Services Australia

© 2019 Commonwealth of Australia or Education Services Australia Ltd, unless otherwise indicated. Creative Commons BY 4.0, unless otherwise indicated. Student Wellbeing Hub is funded by the Australian Government Department of Education.

CC BY

# ਮਾਪੇ ਅਤੇ ਪਰਿਵਾਰ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਵਿੱਚ ਕਿਵੇਂ ਸਹਾਇਤਾ ਕਰ ਸਕਦੇ ਹਨ?

ਸਕੂਲ ਇਹ ਕੰਮ ਇਕੱਲੇ ਨਹੀਂ ਕਰ ਸਕਦੇ ਹਨ। ਬੱਚਿਆਂ ਅਤੇ ਨੌਜਵਾਨਾਂ ਨੂੰ ਸਤਿਕਾਰ ਅਤੇ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿਖਾਉਣ ਵਿੱਚ ਮਾਪੇ ਪਹਿਲੀ ਅਤੇ ਸਭ ਤੋਂ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਹਨ। ਤੁਸੀਂ ਘਰ ਵਿੱਚ ਆਪਣੇ ਬੱਚੇ ਲਈ ਸਕਾਰਾਤਮਕ ਵਿਹਾਰਾਂ ਦਾ ਨਮੂਨਾ ਦੇ ਕੇ ਉਸਦੀ ਸਕੂਲ ਦੀ ਪੜ੍ਹਾਈ ਨੂੰ ਮਜ਼ਬੂਤੀ ਦੇ ਸਕਦੇ ਹੋ।

## ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਅਤੇ ਲਿੰਗ

ਇਸ ਗੱਲ ਨੂੰ ਸਮਝਣਾ ਮਹੱਤਵਪੂਰਨ ਹੈ ਕਿ ਮੁੰਡਿਆਂ ਅਤੇ ਕੁੜੀਆਂ, ਦੋਵਾਂ ਨੂੰ ਦੁਰਵਿਹਾਰ, ਡਰਾਉਣ-ਧਮਕਾਉਣ ਅਤੇ ਹੋਰ ਕਿਸਮ ਦੀ ਹਿੰਸਾ ਦਾ ਜੋਖਮ ਹੋ ਸਕਦਾ ਹੈ। ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਇਹ ਯਕੀਨੀ ਬਣਾਉਣ ਬਾਰੇ ਹੈ ਕਿ ਸਾਡੇ ਸਾਰੇ ਰਿਸ਼ਤੇ ਜ਼ਿਆਦਾ ਸਕਾਰਾਤਮਕ ਹੋਣ। ਪਰ, ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਲਿੰਗਕ ਨਾ-ਬਰਾਬਰੀ ਦੇ ਮੁੱਦੇ ਅਤੇ ਹਿੰਸਾ ਪ੍ਰਤੀ ਵਿਚਾਰਾਂ 'ਤੇ ਪੈਣ ਵਾਲੇ ਇਸਦੇ ਪ੍ਰਭਾਵ ਨਾਲ ਨਜਿੱਠਣ ਬਾਰੇ ਵੀ ਹੈ।

ਛੋਟੀ ਉਮਰ ਤੋਂ ਹੀ, ਮੁੰਡੇ ਅਤੇ ਕੁੜੀਆਂ ਇਹ ਮੰਨਣਾ ਸ਼ੁਰੂ ਕਰ ਸਕਦੇ ਹਨ ਕਿ ਅਜਿਹੀਆਂ ਸਥਿਤੀਆਂ ਹੁੰਦੀਆਂ ਹਨ ਜਿੱਥੇ ਕੁੜੀਆਂ ਅਤੇ ਔਰਤਾਂ ਪ੍ਰਤੀ ਨਿਰਾਦਰ ਭਰਿਆ ਵਿਹਾਰ ਸਵੀਕਾਰਨਯੋਗ ਹੁੰਦਾ ਹੈ। ਬੱਚੇ ਸੁਣਦੇ ਹਨ ਕਿ ਕਿਵੇਂ ਕੁਝ ਬਾਲਗ ਲੋਕ ਮੁੰਡਿਆਂ ਅਤੇ ਕੁੜੀਆਂ ਬਾਰੇ ਵੱਖ-ਵੱਖ ਢੰਗ ਨਾਲ ਗੱਲ ਕਰਦੇ ਹਨ, ਅਤੇ ਇਹਨਾਂ ਗੱਲਾਂ-ਬਾਤਾਂ ਤੋਂ ਇਹ ਸਿੱਖ ਸਕਦੇ ਹਨ ਕਿ ਮੁੰਡਿਆਂ ਅਤੇ ਮਰਦਾਂ ਲਈ ਔਰਤਾਂ ਨਾਲ ਨਿਰਾਦਰ ਭਰੇ ਢੰਗ ਨਾਲ ਸਲੂਕ ਕਰਨਾ ਸਹੀ ਹੁੰਦਾ ਹੈ। ਇਸਦਾ ਅਹਿਸਾਸ ਕੀਤੇ ਬਗੈਰ, ਅਸੀਂ ਕਈ ਵਾਰੀ ਅਜਿਹੀਆਂ ਗੱਲਾਂ ਕਹਿ ਸਕਦੇ ਹਾਂ ਅਤੇ ਕਰ ਸਕਦੇ ਹਾਂ ਜਿਸ ਨਾਲ ਸਾਡੇ ਬੱਚੇ ਇਹ ਸੋਚਣ ਲੱਗ ਸਕਦੇ ਹਨ ਕਿ ਨਿਰਾਦਰ ਭਰੇ ਵਿਹਾਰ ਮਾਫ਼ ਕਰਨ ਯੋਗ ਹਨ ਜਾਂ ਇੱਥੋਂ ਤੱਕ ਕਿ ਇਹ ਠੀਕ ਵੀ ਹਨ।

ਜੇ ਅਸੀਂ ਮੁੰਡਿਆਂ ਨੂੰ ਇਹ ਸਿਖਾਉਂਦੇ ਹਾਂ ਕਿ ਉਜੱਡ ਜਾਂ ਹਮਲਾਵਰ ਵਿਹਾਰ ਉਹ ਹੈ 'ਜੋ ਮੁੰਡੇ ਕਰਦੇ ਹਨ' ਤਾਂ ਉਹ ਹੋਰਨਾਂ ਮੁੰਡਿਆਂ ਅਤੇ ਕੁੜੀਆਂ ਪ੍ਰਤੀ ਇਸ ਤਰੀਕੇ ਨਾਲ ਵਿਹਾਰ ਕਰਨਗੇ। ਕੁੜੀਆਂ ਨੂੰ ਇਹ ਦੱਸਿਆ ਜਾ ਸਕਦਾ ਹੈ ਕਿ ਮੁੰਡੇ ਦਿਲਚਸਪੀ ਜਾਂ ਸਨੇਹ ਦਿਖਾਉਣ ਦੇ ਰੂਪ ਵਿੱਚ ਹਮਲਾਵਰ ਤਰੀਕੇ ਨਾਲ ਵਿਹਾਰ ਕਰਦੇ ਹਨ - 'ਕਿਉਂਕਿ ਉਹ ਤੁਹਾਨੂੰ ਚਾਹੁੰਦਾ ਹੈ'। ਹੌਲੀ-ਹੌਲੀ, ਮੁੰਡੇ ਅਤੇ ਕੁੜੀਆਂ ਇਹ ਮੰਨਣਾ ਸ਼ੁਰੂ ਕਰ ਸਕਦੇ ਹਨ ਕਿ ਨਿਰਾਦਰ ਰਿਸ਼ਤਿਆਂ ਦਾ ਮਹਿਜ਼ ਆਮ ਹਿੱਸਾ ਹੁੰਦਾ ਹੈ।

### ਨਿਰਾਦਰ ਭਰੇ ਵਿਹਾਰ ਨੂੰ ਮਾਫ਼ ਕਰਨਾ

ਸਾਨੂੰ ਉਹਨਾਂ ਕੁਝ ਤਰੀਕਿਆਂ ਬਾਰੇ ਹੈਰਾਨੀ ਹੋ ਸਕਦੀ ਹੈ ਜਿਸ ਨਾਲ ਅਸੀਂ ਨਿਰਾਦਰ ਭਰੇ ਵਿਹਾਰ ਨੂੰ ਮਾਫ਼ ਕਰਦੇ ਹਾਂ। ਇਹਨਾਂ ਵਿੱਚ ਸ਼ਾਮਲ ਹਨ:

- ਨਿਰਾਦਰ ਭਰੇ ਵਿਹਾਰ ਦੇ ਪ੍ਰਭਾਵਾਂ ਨੂੰ ਬੇਹਦ ਘਟਾ ਕੇ ਪੇਸ਼ ਕਰਨਾ
- ਇਹ ਸਵੀਕਾਰ ਕਰਨਾ ਕਿ ਹਮਲਾਵਰ ਹੋਣਾ ਮਰਦ ਹੋਣ ਦਾ ਮਹਿਜ਼ ਇੱਕ ਹਿੱਸਾ ਹੈ
- ਔਰਤਾਂ ਨਾਲ ਹੋਣ ਵਾਲੇ ਕਿਸੇ ਵੀ ਦੁਰਵਿਹਾਰ ਦੇ ਕਾਰਨ ਜਾਂ ਯੋਗਦਾਨ ਲਈ ਉਹਨਾਂ 'ਤੇ ਦੋਸ਼ ਮੜ੍ਹਨਾ।

ਅਸੀਂ ਜਾਣਦੇ ਹਾਂ ਕਿ ਵਿਚਾਰਾਂ ਅਤੇ ਵਿਹਾਰਾਂ ਵਿੱਚ ਤਬਦੀਲੀਆਂ ਉਸ ਸਮੇਂ ਹਾਸਲ ਕੀਤੀਆਂ ਜਾ ਸਕਦੀਆਂ ਹਨ ਜਦੋਂ ਸਕਾਰਾਤਮਕ ਵਿਚਾਰਾਂ, ਵਿਹਾਰਾਂ ਅਤੇ ਲਿੰਗਕ ਬਰਾਬਰੀ ਨੂੰ ਸਾਡੇ ਭਾਈਚਾਰੇ ਵਿੱਚ ਮਜ਼ਬੂਤ ਬਣਾਇਆ ਜਾਂਦਾ ਹੈ ਅਤੇ ਇਸ ਦੀ ਮਿਸਾਲ ਦਿੱਤੀ ਜਾਂਦੀ ਹੈ।

ਜੇ ਤੁਸੀਂ ਉਸ ਭਾਸ਼ਾ ਨੂੰ ਜ਼ਿਆਦਾ ਨੇੜੇ ਤੋਂ ਦੇਖਣਾ ਚਾਹੁੰਦੇ ਹੋ ਜੋ ਨਿਰਾਦਰ ਨੂੰ ਮੁਆਫ਼ ਕਰ ਸਕਦੀ ਹੈ, ਤਾਂ Our Watch ਤੋਂ The excuse interpreter ਪੜ੍ਹੋ।



© 2019 Commonwealth of Australia or Education Services Australia Ltd, unless otherwise indicated. Creative Commons BY 4.0, unless otherwise indicated. Student Wellbeing Hub is funded by the Australian Government Department of Education.

## ਮਾਪੇ ਅਤੇ ਪਰਿਵਾਰ ਸਤਿਕਾਰ ਬਾਰੇ ਕਿਵੇਂ ਗੱਲਾਂ-ਬਾਤਾਂ ਕਰਦੇ ਹਨ?

ਮਾਪੇ ਹੋਣ ਦੇ ਨਾਤੇ ਤੁਹਾਨੂੰ ਕਦੇ ਵੀ ਇਹ ਪਤਾ ਨਹੀਂ ਹੁੰਦਾ ਕਿ ਆਪਣੇ ਬੱਚੇ ਨਾਲ ਸਤਿਕਾਰ ਭਰੇ ਤਰੀਕੇ ਨਾਲ ਵਿਹਾਰ ਕਰਨ ਬਾਰੇ ਗੱਲਬਾਤ ਦੀ ਸਥਿਤੀ ਕਦੋਂ ਪੈਦਾ ਹੋ ਸਕਦੀ ਹੈ। ਹੋ ਸਕਦਾ ਹੈ ਕਿ ਤੁਸੀਂ ਕੋਈ ਘਟਨਾ ਦੇਖੀ ਹੋਵੇ ਜਿਸ ਬਾਰੇ ਬਾਅਦ ਵਿੱਚ ਗੱਲਬਾਤ ਕਰਨ ਦੀ ਲੋੜ ਹੁੰਦੀ ਹੈ ਜਾਂ ਤੁਸੀਂ ਕੋਈ ਖ਼ਬਰ ਜਾਂ ਫਿਲਮ ਦੇਖੀ ਹੈ ਜੋ ਹਿੰਸਾ ਨੂੰ ਦਰਸਾਉਂਦੀ ਹੈ। ਇਹ ਹਮੇਸ਼ਾਂ ਆਸਾਨ ਨਹੀਂ ਹੁੰਦਾ, ਪਰ ਇਹ ਅਜਿਹੀ ਗੱਲਬਾਤ ਹੈ ਜੋ ਮਹੱਤਵਪੂਰਨ ਹੁੰਦੀ ਹੈ। ਹਰ ਵਾਰ ਜਦੋਂ ਤੁਸੀਂ ਨਿਰਾਦਰ ਵਾਲੇ ਵਿਹਾਰ ਵਿਰੁੱਧ ਬੋਲਦੇ ਹੋ, ਤਾਂ ਅਸੀਂ ਜ਼ਿਆਦਾ ਸਤਿਕਾਰ ਭਰਿਆ ਸਮਾਜ ਸਿਰਜਣ ਦੇ ਇੱਕ ਛੋਟਾ ਜਿਹਾ ਕਦਮ ਨਜ਼ਦੀਕ ਹੁੰਦੇ ਹਾਂ।

Respect.gov.au ਨੇ ਇੱਕ Conversation guide ਪ੍ਰਕਾਸ਼ਿਤ ਕੀਤੀ ਹੈ ਜੋ ਆਪਣੇ ਬੱਚੇ ਨਾਲ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਗੱਲਬਾਤ ਸ਼ੁਰੂ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਲੋਕਾਂ ਤੋਂ ਸੇਧ ਲੈਣ ਦੀ ਲੋੜ ਹੁੰਦੀ ਹੈ ਜਿਨ੍ਹਾਂ ਦਾ ਉਹ ਸਤਿਕਾਰ ਕਰਦੇ ਹਨ - ਤੁਹਾਡੇ, ਉਹਨਾਂ ਦੇ ਦੋਸਤਾਂ, ਉਹਨਾਂ ਦੇ ਅਧਿਆਪਕਾਂ ਅਤੇ ਉਹਨਾਂ ਦੇ ਨਾਇਕਾਂ ਵਰਗੇ ਰੋਲ ਮਾਡਲਾਂ ਦੀ। ਸਿਹਤਮੰਦ, ਖੁਸ਼ ਅਤੇ ਸਤਿਕਾਰ ਭਰੇ ਰਿਸ਼ਤੇ ਬਣਾਉਣ, ਅਤੇ ਉਹਨਾਂ ਵਿਚਾਰਾਂ ਅਤੇ ਵਿਹਾਰਾਂ ਨੂੰ ਚੁਣੌਤੀ ਦੇਣ ਲਈ, ਜੋ ਹੋਰਨਾਂ ਨੂੰ ਤਕਲੀਫ਼ ਪਹੁੰਚਾਉਂਦੇ ਹਨ, ਡਰਾਉਂਦੇ-ਧਮਕਾਉਂਦੇ ਹਨ ਜਾਂ ਨੀਵਾਂ ਦਿਖਾਉਂਦੇ ਹਨ, ਲਈ ਹੁਨਰ ਪੈਦਾ ਕਰਨ ਵਿੱਚ ਬੱਚਿਆਂ ਦੀ ਮਦਦ ਕਰਨ ਵਾਸਤੇ ਸਾਰਿਆਂ ਦੀ ਇੱਕ ਭੂਮਿਕਾ ਹੁੰਦੀ ਹੈ।

## ਮਾਪੇ ਅਤੇ ਪਰਿਵਾਰ ਇਸ ਬਾਰੇ ਜ਼ਿਆਦਾ ਜਾਣਕਾਰੀ ਕਿੱਥੋਂ ਲੈ ਸਕਦੇ ਹਨ ਕਿ ਸਕੂਲ ਕੀ ਕਰ ਰਹੇ ਹਨ?

ਸਕੂਲ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਦੀ ਸ਼ੁਰੂਆਤ ਕਰਨ ਦੇ ਵੱਖ-ਵੱਖ ਪੜਾਆਂ 'ਤੇ ਹਨ। ਇਸ ਬਾਰੇ ਵੇਰਵਿਆਂ ਲਈ ਆਪਣੇ ਸਕੂਲ ਨਾਲ ਸੰਪਰਕ ਕਰੋ ਕਿ ਉਹ ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ ਵੱਲ ਕਿਵੇਂ ਅੱਗੇ ਵੱਧ ਰਹੇ ਹਨ।

**ਸਕੂਲ ਦਾ ਮੁੱਖ ਸੰਪਰਕ:** ਸਤਿਕਾਰ ਭਰੇ ਰਿਸ਼ਤਿਆਂ ਬਾਰੇ ਸਿੱਖਿਆ

**ਸੰਪਰਕ (ਫੋਨ):**

**ਸੰਪਰਕ (ਈਮੇਲ):**

Education Services Australia

© 2019 Commonwealth of Australia or Education Services Australia Ltd, unless otherwise indicated. Creative Commons BY 4.0, unless otherwise indicated. Student Wellbeing Hub is funded by the Australian Government Department of Education.

CC BY